Emergency ManagementBC

**ਬੀ ਸੀ ਕੌਰੋਨਰਜ਼ ਸਰਵਿਸ**
**ਆਮ ਜਾਣਕਾਰੀ**

# ਬੱਚੇ ਦੀ ਮੌਤ ਬਾਰੇ ਪੜਤਾਲ ਅਤੇ ਰਿਵੀਊ

ਕਿਸੇ ਬੱਚੇ ਦੀ ਮੌਤ ਪਰਿਵਾਰ, ਦੋਸਤਾਂ ਅਤੇ ਕਮਿਊਨਟੀ ਲਈ ਇਕ ਬਹੁਤ ਹੀ ਵੱਡਾ ਘਾਟਾ ਹੁੰਦੀ ਹੈ। ਕਿਸੇ ਬੱਚੇ ਦੀ ਮੌਤ ਦੇ ਕਾਰਨਾਂ ਨੂੰ ਸਮਝਣਾ, ਸ਼ੋਕਮਈ ਦੁਰਘਟਨਾ ਦੇ ਅਰਥ ਕੱਢਣ ਵਿਚ ਮਦਦ ਕਰਨ ਦਾ ਇਕ ਤਰੀਕਾ ਹੈ ਅਤੇ ਇਸ ਨਾਲ ਹੋਰ ਬੱਚਿਆਂ ਦੀਆਂ ਮੌਤਾਂ ਤੋਂ ਰੋਕਥਾਮ ਕਰਨ ਵਿਚ ਮਦਦ ਹੋ ਸਕਦੀ ਹੈ। ਇਹ ਜਾਣਕਾਰੀ ਇਹ ਸਮਝਣ ਵਿਚ ਤੁਹਾਡੀ ਮਦਦ ਕਰਨ ਲਈ ਹੈ ਕਿ ਬ੍ਰਿਟਿਸ਼ ਕੋਲੰਬੀਆ ਵਿਚ ਕਿਸੇ ਬੱਚੇ ਦੀ ਮੌਤ ਹੋ ਜਾਣ 'ਤੇ ਕੌਰੋਨਰਜ਼ ਸਰਵਿਸ ਕਿਵੇਂ ਅਤੇ ਕਦੋਂ ਸ਼ਾਮਲ ਹੁੰਦੀ ਹੈ। ਇਹ ਬੱਚੇ ਦੀ ਮੌਤ ਬਾਰੇ ਪੜਤਾਲ ਅਤੇ ਬੱਚੇ ਦੀ ਮੌਤ ਦੇ ਰਿਵੀਊ (ਪੜਚੋਲ) ਵਿਚਕਾਰ ਫਰਕ ਬਾਰੇ ਵੀ ਦੱਸਦੀ ਹੈ।

## ਬੱਚੇ ਦੀ ਮੌਤ ਬਾਰੇ ਪੜਤਾਲ

ਜਦੋਂ ਕਿਸੇ ਬੱਚੇ ਦੀ ਮੌਤ ਹੁੰਦੀ ਹੈ ਤਾਂ ਬੀ ਸੀ ਕੌਰੋਨਰਜ਼ ਸਰਵਿਸ ਬੱਚੇ ਦੀ ਪਛਾਣ ਕਰਨ ਅਤੇ ਇਹ ਪਤਾ ਲਾਉਣ ਲਈ ਜ਼ਿੰਮੇਵਾਰ ਹੁੰਦੀ ਹੈ ਕਿ ਬੱਚੇ ਦੀ ਮੌਤ ਕਿਵੇਂ, ਕਦੋਂ, ਕਿੱਥੇ ਅਤੇ ਕਿਨ੍ਹਾਂ ਢੰਗਾਂ ਨਾਲ ਹੋਈ ਹੈ। ਅਜਿਹਾ ਕੌਰੋਨਰਜ਼ (ਸ਼ੱਕੀ ਮੌਤ ਦੇ ਕਾਰਨਾਂ ਦੀ ਪੜਤਾਲ ਕਰਨ ਵਾਲੇ ਅਧਿਕਾਰੀ) ਵਲੋਂ ਪੜਤਾਲ ਕਰਕੇ ਕੀਤਾ ਜਾਂਦਾ ਹੈ। ਪੜਤਾਲ ਦੌਰਾਨ, ਬੱਚੇ ਦੀ ਮੌਤ ਦੀ ਪੜਤਾਲ ਕਰਨ ਲਈ ਇਕ ਖਾਸ ਪ੍ਰੋਟੋਕੋਲ (ਨੇਮਾਂ) ਦੀ ਪਾਲਣਾ ਕੀਤੀ ਜਾਂਦੀ ਹੈ ਤਾਂ ਜੋ ਇਹ ਯਕੀਨੀ ਬਣੇ ਕਿ ਇਹ ਕਾਰਵਾਈ ਪੂਰੀ ਤਰ੍ਹਾਂ ਅਤੇ ਇਕਸਾਰ ਕੀਤੀ ਗਈ ਹੈ।

ਬੱਚੇ ਛੋਟੇ ਬਾਲਗ ਨਹੀਂ ਹਨ। ਬਣਤਰ ਪੱਖੋਂ ਉਨ੍ਹਾਂ ਦੇ ਸਰੀਰ ਵੱਖਰੇ ਹਨ ਅਤੇ ਵੱਡੇ ਹੋਣ ਦੌਰਾਨ ਸਦਾ ਬਦਲਦੇ ਰਹਿੰਦੇ ਹਨ। ਬੱਚੇ ਦੀ ਮੌਤ ਦੀ ਜਾਂਚ ਹਮੇਸ਼ਾਂ ਇਸ ਚੀਜ਼ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾਣੀ ਜ਼ਰੂਰੀ ਹੈ। ਉਦਾਹਰਣ ਲਈ, ਨਿੱਕੇ ਬੱਚਿਆਂ ਵਿਚ ਅਜੇ ਆਟੋਮੈਟਿਕ ਰਿਫਲੈਕਸਿਜ਼ ਵਿਕਸਿਤ ਨਹੀਂ ਹੋਏ ਹੁੰਦੇ। ਜੇ ਸੁੱਤੇ ਹੋਏ, ਨਿੱਕਾ ਬੱਚਾ ਸੌਣ ਦੀ ਅਣਸੁਰੱਖਿਅਤ ਹਾਲਤ ਵੱਲ ਨੂੰ ਪਾਸਾ ਲੈਂਦਾ ਹੈ ਜਿਸ ਨਾਲ ਉਸ ਦਾ ਸਾਹ-ਮਾਰਗ ਰੁਕਦਾ ਹੋਵੇ ਤਾਂ ਨਿੱਕੇ ਬੱਚੇ ਦੇ ਆਟੋਮੈਟਿਕ ਰਿਫਲੈਕਸਿਜ਼ ਉਸ ਨੂੰ ਉਸ ਤਰ੍ਹਾਂ ਪਾਸਾ ਨਹੀਂ ਦੇਣਗੇ ਜਿਸ ਤਰ੍ਹਾਂ ਕਿਸੇ ਬਾਲਗ ਦੇ ਦੇਣਗੇ। ਬੱਚਿਆਂ ਦੀਆਂ ਮੌਤਾਂ ਦੀ ਪੜਤਾਲ ਕਰਨ ਲਈ ਖਾਸ ਤੌਰ 'ਤੇ ਸਿਖਿਅਤ ਕੌਰੋਨਰ, ਪੜਤਾਲ ਵਿਚ ਸਥਾਨਕ ਕੌਰੋਨਰ ਦੀ ਮਦਦ ਕਰ ਸਕਦੇ ਹਨ। ਇਹ ਕੌਰੋਨਰ ਬੱਚੇ ਦੀ ਮੌਤ ਨਾਲ ਸੰਬੰਧਿਤ ਵਿਲੱਖਣ ਪੱਖਾਂ ਨੂੰ ਸਮਝਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਟਰੇਂਡ ਹੁੰਦੇ ਹਨ ਕਿ ਇਕੱਠੀ ਕੀਤੀ ਗਈ ਜਾਣਕਾਰੀ ਨੂੰ ਬੱਚਿਆਂ ਦੇ ਰੋਗਾਂ ਦੇ ਪੱਖ ਤੋਂ ਸਮਝਿਆ ਜਾ ਰਿਹਾ ਹੈ।

ਜਦੋਂ ਕਿਸੇ ਬੱਚੇ ਦੀ ਮੌਤ ਦੀ ਰਿਪੋਰਟ ਕੌਰੋਨਰ ਨੂੰ ਮਿਲਦੀ ਹੈ ਤਾਂ ਉਸ ਕੋਲ ਇੰਟਰਵਿਊਆਂ, ਦਸਤਾਵੇਜ਼ਾਂ ਅਤੇ ਰਿਕਾਰਡਾਂ ਰਾਹੀਂ ਅਤੇ ਮੌਤ ਦੇ ਸਥਾਨ 'ਤੇ ਦੇਖੀ ਗਈ ਅਤੇ ਇਕੱਠੀ ਕੀਤੀ ਗਈ ਜਾਣਕਾਰੀ ਰਾਹੀਂ ਜਾਣਕਾਰੀ ਲੈਣ ਦਾ ਅਧਿਕਾਰ ਹੁੰਦਾ ਹੈ। ਕੌਰੋਨਰ ਟੈੱਸਟਾਂ ਜਾਂ ਹੋਰ ਜਾਂਚ ਦੇ ਹੁਕਮ ਦੇਣ ਲਈ ਵੀ ਜ਼ਿੰਮੇਵਾਰ ਹੁੰਦਾ ਹੈ। 3 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀਆਂ ਅਣਚਿਤਵੀਆਂ ਮੌਤਾਂ ਦੇ ਬਹੁਤੇ ਕੇਸਾਂ ਵਿਚ ਪੋਸਟਮਾਰਟਮ ਕੀਤਾ ਜਾਵੇਗਾ। ਇਹ ਚੀਜ਼ ਪਰਿਵਾਰਾਂ ਲਈ ਔਖੀ ਹੋ ਸਕਦੀ ਹੈ। ਤੁਹਾਡੇ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਇਨ੍ਹਾਂ ਕੇਸਾਂ ਨਾਲ ਸੰਵੇਦਨਸ਼ੀਲ ਤਰੀਕੇ ਅਤੇ ਬਹੁਤ ਹੀ ਧਿਆਨ ਨਾਲ ਵਰਤਿਆ ਜਾਂਦਾ ਹੈ।

ਕਦੇ ਕਦੇ ਮੌਤ ਦੇ ਕੇਸ ਦੀ ਤਫਤੀਸ਼ (ਇਨਕੁਐਸਟ) ਕੀਤੀ ਜਾਵੇਗੀ; ਅਜਿਹਾ ਕੇਸ ਬਾਰੇ ਵਿਚਾਰ ਕਰਕੇ ਕੀਤਾ ਜਾਂਦਾ ਹੈ। ਤਫਤੀਸ਼ (ਇਨਕੁਐਸਟ) ਇਕ ਰਸਮੀ ਅਦਾਲਤੀ ਕਾਰਵਾਈ ਹੈ ਜਿੱਥੇ ਪੰਜ ਵਿਅਕਤੀਆਂ ਦੀ ਜਿਊਰੀ ਮੌਤ ਨਾਲ ਸੰਬੰਧਿਤ ਸਬੂਤਾਂ ਨੂੰ ਸੁਣਦੀ ਹੈ। ਪ੍ਰਧਾਨਗੀ ਕਰ ਰਿਹਾ ਕੌਰੋਨਰ ਇਹ ਯਕੀਨੀ ਬਣਾਉਂਦਾ ਹੈ ਕਿ ਜਿਊਰੀ ਸਚਾਈ ਜਾਣਨ ਦਾ ਨਾ ਕਿ ਕਸੂਰ ਜਾਣਨ ਦਾ ਆਪਣਾ ਮਕਸਦ ਕਾਇਮ ਰੱਖ ਰਹੀ ਹੈ।

ਪੜਤਾਲ ਜਾਂ ਤਫਤੀਸ਼ ਦੇ ਅੰਤ 'ਤੇ, ਮੌਤ ਦੇ ਕਾਰਨ ਅਤੇ ਢੰਗ ਨਿਸ਼ਚਿਤ ਕੀਤਾ ਜਾਂਦਾ ਹੈ। ਦੋਨਾਂ ਕੇਸਾਂ ਵਿਚ, ਇਹ ਜਾਣਕਾਰੀ, ਭਵਿੱਖ ਵਿਚ ਮੌਤਾਂ ਨੂੰ ਰੋਕਣ ਲਈ ਕੀਤੀਆਂ ਗਈਆਂ ਕੋਈ ਸਿਫਾਰਸ਼ਾਂ ਦੇ ਨਾਲ ਪਰਿਵਾਰ ਨੂੰ ਲਿਖਤੀ ਰਿਪੋਰਟ ਵਿਚ ਦਿੱਤੀ ਜਾਂਦੀ ਹੈ।

.../2

## ਬੱਚਿਆਂ ਦੀ ਮੌਤ ਦੇ ਰਿਵੀਊ

ਬੱਚਿਆਂ ਦੀ ਮੌਤ ਦੇ ਸਾਰੇ ਕੇਸ ਚਾਇਲਡ ਡੈੱਥ ਰਿਵੀਊ ਯੂਨਿਟ (ਸੀ ਡੀ ਆਰ ਯੂ) ਨੂੰ ਭੇਜੇ ਜਾਂਦੇ ਹਨ। ਇਸ ਰਿਵੀਊ (ਪੜਚੋਲ) ਦਾ ਮੰਤਵ ਇਹ ਜਾਣਨਾ ਹੈ ਕਿ ਬੱਚੇ ਦੀ ਜ਼ਿੰਦਗੀ ਕਿਹੋ ਜਿਹੀ ਸੀ ਅਤੇ ਉਨ੍ਹਾਂ ਪੱਖਾਂ ਬਾਰੇ ਜਾਣਨਾ ਹੈ ਜਿਨ੍ਹਾਂ ਨੇ ਮੌਤ ਵਿਚ ਹਿੱਸਾ ਪਾਇਆ ਹੋ ਸਕਦਾ ਹੈ। ਸੀ ਡੀ ਆਰ ਯੂ ਸੂਬੇ ਵਿਚ ਹਰ ਬੱਚੇ ਦੀ ਮੌਤ ਦਾ ਰਿਵੀਊ ਕਰਦਾ ਹੈ, ਜਿਸ ਵਿਚ ਉਹ ਬੱਚੇ ਵੀ ਸ਼ਾਮਲ ਹਨ ਜਿਹੜੇ ਪਹਿਲਾਂ ਹੀ ਪਤਾ ਕਿਸੇ ਕੁਦਰਤੀ ਬੀਮਾਰੀ ਨਾਲ ਮਰਦੇ ਹਨ ਅਤੇ ਜਿੱਥੇ ਮੌਤ ਦੀ ਸੰਭਾਵਨਾ ਸੀ। ਸੀ ਡੀ ਆਰ ਯੂ ਬੱਚੇ ਦੀ ਜ਼ਿੰਦਗੀ ਅਤੇ ਮੌਤ ਦੇ ਸਾਰੇ ਪੱਖਾਂ ਦੀ ਜ਼ਿਆਦਾ ਵੱਡੇ ਪੱਧਰ 'ਤੇ ਜਾਂਚ ਕਰਦਾ ਹੈ। ਇਹ ਰਿਵੀਊ ਨਿੱਜੀ ਕੇਸਾਂ ਦੇ ਜਾਂ ਕੇਸਾਂ ਦੇ ਗਰੁੱਪਾਂ ਦੇ ਇਕੱਠੇ ਕੀਤੇ ਜਾ ਸਕਦੇ ਹਨ।

ਕੌਰੋਨਰ ਦੀ ਪੜਤਾਲ ਵਿਚ, ਅਕਸਰ ਮਾਪੇ, ਸੰਭਾਲ ਕਰਨ ਵਾਲੇ ਅਤੇ ਪਰਿਵਾਰ ਦੇ ਮੈਂਬਰ ਆਪਣੇ ਪਿਆਰੇ ਦੀ ਮੌਤ ਦੀ ਪੜਤਾਲ ਵਿਚ ਸ਼ਾਮਲ ਹੁੰਦੇ ਹਨ। ਅਜਿਹਾ ਅਕਸਰ ਮੌਤ ਦੀ ਰਿਪੋਰਟ ਮਿਲਣ ਵੇਲੇ ਹੁੰਦਾ ਹੈ। ਸੀ ਡੀ ਆਰ ਯੂ, ਬੱਚੇ ਦੀ ਮੌਤ ਦੇ ਰਿਵੀਊ ਵੇਲੇ ਅਜਿਹੀ ਸ਼ਮੂਲੀਅਤ ਦੀ ਮੰਗ ਫਿਰ ਕਰ ਸਕਦਾ ਹੈ ਜੋ ਕਿ ਪੜਤਾਲ ਦੇ ਮੁਕੰਮਲ ਹੋਣ ਤੋਂ ਬਾਅਦ ਕੀਤਾ ਜਾਂਦਾ ਹੈ। ਇਹ ਆਮ ਤੌਰ 'ਤੇ ਇਕ ਸਾਲ ਬਾਅਦ ਹੁੰਦਾ ਹੈ। ਅਣਚਿਤਵੀਆਂ ਮੌਤਾਂ ਦੀ ਪੜਤਾਲ ਆਮ ਤੌਰ 'ਤੇ ਕੁਦਰਤੀ ਤੌਰ 'ਤੇ ਮੌਤ ਦੀਆਂ ਸੰਭਾਵਨਾਵਾਂ ਵਾਲੇ ਕੇਸਾਂ ਦੀ ਪੜਤਾਲ ਨਾਲੋਂ ਜ਼ਿਆਦਾ ਸਮਾਂ ਲੈਂਦੀ ਹੈ, ਇਸ ਕਰਕੇ ਕੁਦਰਤੀ ਤੌਰ 'ਤੇ ਚਿਤਵੀਆਂ ਮੌਤਾਂ ਦੇ ਰਿਵੀਊ ਛੇਤੀ ਹੋ ਸਕਦੇ ਹਨ।

ਸੀ ਡੀ ਆਰ ਯੂ ਦੇ ਸਟਾਫ ਵਿਚ ਵੱਖ ਵੱਖ ਖੇਤਰਾਂ ਦੇ ਮਾਹਰਾਂ ਦੀ ਟੀਮ ਹੁੰਦੀ ਹੈ ਜੋ ਕਿ ਇਕ ਵਿਆਪਕ ਰਿਵੀਊ ਮੁਕੰਮਲ ਕਰਨਗੇ ਜੋ ਕਿ ਰੋਕਥਾਮ ਅਤੇ ਸਾਰੇ ਬੱਚਿਆਂ ਦੀ ਸਿਹਤ ਅਤੇ ਭਲਾਈ 'ਤੇ ਅਸਰ ਪਾਉਣ ਵਾਲੇ ਮਸਲਿਆਂ ਬਾਰੇ ਲੋਕਾਂ ਨੂੰ ਜ਼ਿਆਦਾ ਜਾਗਰੂਕ ਕਰਨ 'ਤੇ ਕੇਂਦਰਿਤ ਹੋਵੇਗਾ। ਰਿਵੀਊ ਦੀ ਕਾਰਵਾਈ ਪਬਲਿਕ ਹੈਲਥ ਦੇ ਨਮੂਨੇ 'ਤੇ ਆਧਾਰਿਤ ਹੈ ਅਤੇ ਰਿਵੀਊ ਨਿੱਜੀ ਰੂਪ ਵਿਚ ਜਾਂ ਗਰੁੱਪ ਦੇ ਹਿੱਸੇ ਵਜੋਂ ਕੀਤੇ ਜਾਂਦੇ ਹਨ। ਕੁਝ ਕੇਸਾਂ ਵਿਚ, ਰਿਵੀਊ ਦੀ ਕਾਰਵਾਈ ਦੇ ਹਿੱਸੇ ਵਜੋਂ, ਬੱਚਿਆਂ ਦੀਆਂ ਮੌਤਾਂ ਦੀ ਪੜਤਾਲ ਬਾਹਰਲੇ ਵੱਖ ਵੱਖ ਮਾਹਰਾਂ ਦੇ ਪੈਨਲ ਵਲੋਂ ਕੀਤੀ ਜਾਵੇਗੀ ਜੋ ਕਿ ਹੋਰ ਸਿਫਾਰਸ਼ਾਂ ਵੀ ਕਰ ਸਕਦੇ ਹਨ।

ਰਿਵੀਊ ਦੀ ਕਾਰਵਾਈ ਵਿਚ ਸੀ ਡੀ ਆਰ ਯੂ ਦੀ ਮਦਦ ਲਈ, ਸੀ ਡੀ ਆਰ ਯੂ ਦੇ ਮੈਂਬਰਾਂ ਵਲੋਂ ਮਾਪਿਆਂ ਜਾਂ ਪਰਿਵਾਰ ਦੇ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਸਿੱਖੇ ਗਏ ਸਬਕ ਸਾਂਝੇ ਕੀਤੇ ਜਾਣਗੇ ਅਤੇ ਖਤਰਾ ਘਟਾਉਣ ਅਤੇ ਰੋਕਥਾਮ ਕਰਨ ਵਾਲੀਆਂ ਜੁਗਤਾਂ ਤਿਆਰ ਲਈ ਵਰਤੇ ਜਾਣਗੇ ਤਾਂ ਜੋ ਉਹੋ ਜਿਹੀਆਂ ਮੌਤਾਂ ਫਿਰ ਨਾ ਹੋਣ।

## ਮਦਦ ਮੌਜੂਦ ਹੈ

**ਕੌਰੋਨਰਜ਼ ਨਾਲ ਫੋਨ 'ਤੇ, ਇਨਕੁਆਰੀ ਬੀ ਸੀ ਰਾਹੀਂ ਬਿਨਾਂ ਕਿਸੇ ਖਰਚੇ ਦੇ ਸੰਪਰਕ ਕੀਤਾ ਜਾ ਸਕਦਾ ਹੈ:**
- ਵੈਨਕੂਵਰ, 604 660-2421
- ਵਿਕਟੋਰੀਆ, 250 387-6121
- ਦੂਰੋਂ ਮੁਫਤ, 1 800 663-7867
(ਅਤੇ ਇਨਕੁਆਰੀ ਬੀ ਸੀ ਦੇ ਓਪਰੇਟਰ ਨੂੰ ਕਹੋ ਕਿ ਉਹ ਤੁਹਾਡਾ ਫੋਨ 604 660-7745 'ਤੇ ਤਬਦੀਲ ਕਰੇ।)

**ਬੀ.ਸੀ. ਬਿਰੀਵਮੈਂਟ ਹੈਲਪਲਾਈਨ:**
ਉਨ੍ਹਾਂ ਲੋਕਾਂ ਦੀ ਮਦਦ ਕਰਦੀ ਹੈ ਜਿਹੜੇ ਕਿਸੇ ਪਿਆਰੇ ਦੀ ਮੌਤ ਦਾ ਸੋਗ ਮਨਾ ਰਹੇ ਹਨ
- ਵੈਨਕੂਵਰ, 604 738-9950
- ਦੂਰੋਂ ਮੁਫਤ, 1 877 779-2223
ਵੈੱਬਸਾਈਟ: www.bcbereavementhelpline.com

**ਵਿਕਟਿਮਲਿੰਕ**
ਇਕ ਬਹੁ-ਭਾਸ਼ਾਈ 24 ਘੰਟੇ ਖੁੱਲ੍ਹੀ ਰਹਿਣ ਵਾਲੀ ਸਹਾਇਤਾ ਲਾਈਨ, ਜਿਹੜੀ ਫੋਨ ਕਰਨ ਵਾਲਿਆਂ ਨੂੰ ਵਸੀਲਿਆਂ ਦੇ ਇਕ ਨੈੱਟਵਰਕ ਨਾਲ ਜੋੜ ਸਕਦੀ ਹੈ, ਜਿਸ ਵਿਚ ਪੁਲੀਸ ਅਤੇ ਬੀ.ਸੀ. ਭਰ ਵਿਚ ਪੀੜਤਾਂ ਲਈ ਕਮਿਊਨਟੀ ਆਧਾਰਿਤ ਸੇਵਾਵਾਂ ਸ਼ਾਮਲ ਹਨ। ਤੁਸੀਂ ਇਸ ਵੈੱਬਸਾਈਟ 'ਤੇ ਵਿਕਟਿਮ ਸਰਵਿਸਿਜ਼ ਡਾਇਰੈਕਟਰੀ ਦੇਖ ਸਕਦੇ ਹੋ www.pssg.gov.bc.ca/victim_services ਜਾਂ ਵਿਕਟਿਮਲਿੰਕ ਨੂੰ ਮੁਫਤ ਫੋਨ ਕਰੋ: 1 800 563-0808